ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ
ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.)(ਈਮੇਲ ਰਾਹੀਂ)
ਸਮੂਹ ਸਕੂਲ ਮੁਖੀ/ਪ੍ਰਿੰਸੀਪਲ (ਵੈਬਸਾਈਟ ਰਾਹੀਂ)

ਮੀਮੋ ਨੰ. ਈ-69266/2023/111166
ਮਿਤੀ:- 19-04-2023

**ਵਿਸ਼ਾ:- ਸ਼ੈਸਨ 2023-24 ਦੌਰਾਨ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਯੋਗ ਵਿਦਿਆਰਥੀਆਂ ਨੂੰ ਈ-ਪੰਜਾਬ ਪੋਰਟਲ ਤੇ ਅਪਲਾਈ ਕਰਵਾਉਣ ਸਬੰਧੀ।**

ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸ਼ੈਸਨ 2023-24 ਦੌਰਾਨ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਲਈ ਜਲਦ ਹੀ ***ਈ-ਪੰਜਾਬ ਪੋਰਟਲ*** ਖੋਲਿਆ ਜਾਣਾ ਹੈ। ਇਸ ਲਈ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਸਮੇਂ ਹੇਠ ਦਰਸਾਏ ਅਨੁਸਾਰ ਦਿਸਾ ਨਿਰੇਦਸ਼ ਧਿਆਨ ਵਿੱਚ ਰੱਖਣੇ ਯਕੀਨੀ ਬਣਾਏ ਜਾਣ :-

1. ਸ਼ੈਸਨ 2023-24 ਦੌਰਾਨ ਦਾਖਲੇ ਸ਼ੁਰੂ ਹੋ ਚੁੱਕੇ ਹਨ। ਇਸ ਲਈ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸ਼ਰਡ ਵਜੀਫਾ ਸਕੀਮਾਂ ਅਧੀਨ ਅਪਲਾਈ ਕਰਵਾਉਣ ਲਈ ਯੋਗ ਵਿਦਿਆਰਥੀਆਂ ਦੀ ਚੋਣ ਦਾਖਲੇ ਸਮੇਂ ਹੀ ਕਰ ਲਈ ਜਾਵੇ।
2. ਜਿਹੜੇ ਵਿਦਿਆਰਥੀ ਵਜੀਫੇ ਦੇ ਯੋਗ ਹਨ, ਉਹਨਾਂ ਦੇ ਲੋੜੀਂਦੇ ਦਸਤਾਵੇਜ ਜਿਵੇਂ ਕਿ ਇਨਕਮ ਸਰਟੀਫਿਕੇਟ, ਕਿੱਤਾ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਡੋਮੀਸਾਈਲ ਸਰਟੀਫਿਕੇਟ,ਆਧਾਰ ਨੰਬਰ ਆਦਿ ਤੁਰੰਤ ਬਣਾ ਲਏ ਜਾਣ। ਯੋਗ ਵਿਦਿਆਰਥੀਆਂ ਦੇ ਬੈਂਕ ਅਕਾਊਂਟ ਐਕਟਿਵ ਹੋਣੇ ਚਾਹੀਦੇ ਹਨ ਅਤੇ ਬੈਂਕ ਖਾਤਾ ਆਧਾਰ ਨਾਲ ਸੀਡਿਡ ਹੋਣਾ ਚਾਹੀਦਾ ਅਤੇ ਮਰਜ ਹੋਈਆ ਬੈਂਕਾਂ ਦੇ IFSC ਕੋਡ ਅਪਡੇਟ ਹੋਣੇ ਚਾਹੀਦੇ ਹਨ। ਇਸ ਲਈ ਇਸ ਸਬੰਧੀ ਤੁਰੰਤ ਧਿਆਨਪੂਰਵਕ ਕਾਰਵਾਈ ਕਰ ਲਈ ਜਾਵੇ।
3. ਵਜੀਫਾ ਅਪਲਾਈ ਕਰਨ ਸਮੇਂ ਆਉਂਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਸਕੂਲ ਪੱਧਰ ਤੇ ਸਕੂਲ ਮੁਖੀ ਨੂੰ ***ਇਨਸਟੀਚਿਊਟ ਨੋਡਲ ਅਫਸਰ*** ਅਤੇ ਜਿਲਾ ਪੱਧਰ ਤੇ ਜਿਲਾ ਸਿੱਖਿਆ ਅਫਸਰ ਨੂੰ ***ਜਿਲਾ ਸ਼ੈਂਕਸਨਿੰਗ ਅਥਾਰਟੀ*** ਨਿਯੁਕਤ ਕੀਤਾ ਹੋਇਆ ਹੈ। ਈ-ਪੰਜਾਬ ਪੋਰਟਲ ਤੇ ਵਿਦਿਆਰਥੀਆਂ ਨੂੰ ਆਉਂਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਲਈ ਈ-ਪੰਜਾਬ ਪੋਰਟਲ ਤੇ ਸਕੂਲ ਦੀ ਲਾਗ ਇਨ ਆਈ.ਡੀ. ਤੇ Grievances Link :- (**Student ⇒ Scholarship ⇒ Add Grievances**) ਦਾ ਉਪਬੰਧ ਕੀਤਾ ਗਿਆ ਹੈ। ਇਸ ਸਬੰਧੀ ਇਨਸਟੀਚਿਊਟ ਨੋਡਲ ਅਫਸਰ (ਪ੍ਰਿੰਸੀਪਲ), ਜਿਲਾ ਸ਼ੈਂਕਸਨਿੰਗ ਅਥਾਰਟੀ ਨਾਲ ਰਾਬਤਾ ਕਾਇਮ ਕਰਕੇ ਵਿਦਿਆਰਥੀਆਂ ਦੇ Grievances ਦਾ ਨਿਪਟਾਰਾ ਕਰਨ ਅਤੇ ਇਨਸਟੀਚਿਊਟ ਨੋਡਲ ਅਫਸਰ (ਪ੍ਰਿੰਸੀਪਲ) , ਯੋਗ ਵਿਦਿਆਰਥੀਆਂ ਦੇ ਲੋੜੀਂਦੇ ਦਸਤਾਵੇਜ ਚੰਗੀ ਤਰ੍ਹਾਂ ਚੈੱਕ ਕਰਦੇ ਹੋਏ, ਆਪਣੇ ਰਿਕਾਰਡ ਵਿੱਚ ਰੱਖਣੇ ਯਕੀਨੀ ਬਣਾਉਣ ਤਾਂ ਜੋ Audit Objection ਤੋਂ ਬਚਿਆ ਜਾ ਸਕੇ।
4. **ਈ-ਪੰਜਾਬ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਨ ਵਿੱਚ ਜੇਕਰ ਕਿਸੇ ਵੀ ਸਮੱਸਿਆ ਦਾ ਸਮਾਧਾਨ ਸਕੂਲ ਪੱਧਰ ਤੇ ਜਾਂ ਜਿਲਾ ਪੱਧਰ ਤੇ ਨਹੀਂ ਹੁੰਦਾ ਹੈ ਤਾਂ ਕਾਰਨ ਸਪੱਸ਼ਟ ਕਰਦੇ ਹੋਏ, ਮੁੱਖ ਦਫਤਰ**

Scanned with CamScanner

ਨੂੰ ਸਮੱਸਿਆਵਾ ਦਾ ਨਿਪਟਾਰਾ ਕਰਨ ਲਈ scholarshipgrievance@gmail.com ਤੇ ਈਮੇਲ ਕੀਤੀ ਜਾਵੇ।

5. ਪਿਛਲੇ ਸ਼ੈਸਨ ਦੌਰਾਨ ਕੁੱਝ ਵਿਦਿਆਰਥੀਆਂ ਦੇ ਰਿਕਾਰਡ ਪੂਰੀ ਤਰ੍ਹਾਂ ਨਾ ਘੋਖਦੇ ਹੋਏ ਕੁੱਝ ਅਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾ ਦਿਤਾ ਗਿਆ ਸੀ, ਜਿਸ ਕਾਰਨ ਯੋਗ/ਅਯੋਗ ਵਿਦਿਆਰਥੀਆਂ ਦੇ ਡਾਟੇ ਦੀ ਚੋਣ ਕਰਨ ਵਿੱਚ ਵਿਭਾਗ ਦਾ ਕਾਫੀ ਕੀਮਤੀ ਸਮਾਂ ਨਸ਼ਟ ਹੁੰਦਾ ਹੈ। ਇਸ ਲਈ ਜਿਲਾ ਪੱਧਰ ਤੇ ਜਿਲਾ ਵਜੀਫਾ ਨੋਡਲ ਅਫਸਰ (ਸ਼ੈਕਸਨਿੰਗ ਅਥਾਰਟੀ) ਵਿਦਿਆਰਥੀਆਂ ਅਤੇ ਸਕੂਲਾਂ ਦਾ ਰਿਕਾਰਡ ਚੰਗੀ ਤਰ੍ਹਾਂ ਚੈੱਕ ਕਰਨ ਉਪਰੰਤ ਹੀ ਵੈਰੀਫਾਈ ਕਰਕੇ ਮੁੱਖ ਦਫਤਰ ਨੂੰ ਡਾਟਾ ਫਾਰਵਰਡ ਕਰਨ ਤਾਂ ਜੋ ਯੋਗ ਵਿਦਿਆਰਥੀਆਂ ਨੂੰ ਹੀ ਵਜੀਫੇ ਦੀ ਅਦਾਇਗੀ ਹੋਵੇ।

6. ਪਿਛਲੇ ਸਾਲਾਂ ਦੇ ਡਾਟੇ ਨੂੰ ਦੇਖਣ ਉਪਰੰਤ ਇਹ ਧਿਆਨ ਵਿੱਚ ਆਇਆ ਹੈ ਕਿ ਐਸ.ਸੀ. ਆਬਾਦੀ ਵੱਧ ਹੋਣ ਦੇ ਬਾਵਜੂਦ, ਅਪਲਾਈ ਕੀਤੇ ਵਿਦਿਆਰਥੀਆਂ ਦੀ ਗਿਣਤੀ ਘੱਟਦੀ ਜਾ ਰਹੀ ਹੈ। ਇਸ ਸਬੰਧੀ ਮਾਣਯੋਗ ਨੈਸ਼ਨਲ ਐਸ.ਸੀ. ਕਮਿਸ਼ਨ, ਨਵੀਂ ਦਿੱਲੀ, ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਪੋਰਟਲ ਤੇ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

7. ਸਮੂਹ ਸਕੂਲ ਮੁਖੀਆਂ ਤੋਂ ਇਸ ਸਬੰਧੀ ਸਰਟੀਫਿਕੇਟ ਲੈਣਾ ਯਕੀਨੀ ਬਣਾਇਆ ਜਾਵੇ ਕਿ :-

*" ਸਕੂਲ ਦੇ ਸਾਰੇ ਯੋਗ ਵਿਦਿਆਰਥੀਆਂ ਨੂੰ ਪੋਰਟਲ ਤੇ ਅਪਲਾਈ ਕਰਵਾਇਆ ਜਾ ਚੁੱਕਾ ਹੈ। ਕੋਈ ਵੀ ਯੋਗ ਵਿਦਿਆਰਥੀ ਅਪਲਾਈ ਕਰਨ ਤੋਂ ਵਾਂਝਾ ਨਹੀਂ ਰਿਹਾ ਹੈ। "*

8. ਸ਼ੈਸਨ 2023-24 ਦੌਰਾਨ ਈ-ਪੰਜਾਬ ਪੋਰਟਲ ਇੱਕ ਵਾਰ ਹੀ ਓਪਨ ਕੀਤਾ ਜਾਵੇਗਾ, ਇਸ ਲਈ ਮਿੱਥੇ ਸਮੇਂ ਦੇ ਅੰਦਰ-ਅੰਦਰ ਯੋਗ ਵਿਦਿਆਰਥੀਆਂ ਨੂੰ ਸੈਂਟਰਲੀ/ਸਟੇਟ ਸਪਾਂਸਰਡ ਵਜੀਫਾ ਸਕੀਮਾਂ ਦੀਆਂ ਗਾਈਡਲਾਈਨਜ਼ ਅਨੁਸਾਰ ਉਕਤ ਦਰਸਾਏ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ, ਜੇਕਰ ਮਿੱਥੇ ਸਮੇਂ ਦੇ ਅੰਦਰ-ਅੰਦਰ ਕੋਈ ਸਕੂਲ ਯੋਗ ਵਿਦਿਆਰਥੀਆਂ ਨੂੰ ਅਪਲਾਈ ਨਹੀਂ ਕਰਵਾਉਦਾ ਜਾਂ ਸਕੂਲ ਪੱਧਰ /ਜਿਲਾ ਪੱਧਰ ਤੋਂ ਡਾਟਾ ਸਮੇਂ ਸਿਰ ਮੁੱਖ ਦਫਤਰ ਨੂੰ ਪੁੱਜਦਾ ਨਹੀਂ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਸਬੰਧਤਾਂ ਤੇ ਬਣਦੀ ਕਾਰਵਾਈ ਕਰਨ ਲਈ ਉੱਚ ਅਧਿਕਾਰੀਆਂ ਨੂੰ ਲਿਖ ਦਿਤਾ ਜਾਵੇਗਾ।

19.04.2023

**ਸਹਾਇਕ ਡਾਇਰੈਕਟਰ (ਵਜੀਫਾ)**

**ਪਿੱਠ ਅੰਕਣ ਨੰ. ਉਕਤ** **ਮਿਤੀ:- ਉਕਤ**

ਉਕਤ ਦਾ ਉਤਾਰਾ ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ , ਪੰਜਾਬ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਸਹੀ

**ਸਹਾਇਕ ਡਾਇਰੈਕਟਰ (ਵਜੀਫਾ)**

Scanned with CamScanner